# ਕਲਾ ਦੇ ਝਰੋਖੇ ਤੋਂ

**ਸਟੇਜੀ ਕਵਿਤਾ**

ਆਜ਼ਾਦੀ ਤੋਂ ਪਹਿਲਾਂ ਕਵੀ ਦਰਬਾਰ, ਪੰਜਾਬ ਦੀਆਂ ਸਭਿਆਚਾਰਕ ਸਰਗਰਮੀਆਂ ਦਾ ਇਕ ਜ਼ਰੂਰੀ ਅੰਗ ਹੁੰਦੇ ਸਨ। ਅੱਧੀ ਅੱਧੀ ਰਾਤ ਤਕ ਇਹ ਕਵੀ ਦਰਬਾਰ ਚਲਦੇ। ਹਜ਼ਾਰਾਂ ਦੀ ਗਿਣਤੀ ਵਿਚ ਲੋਕ ਕਵਿਤਾ ਦਾ ਆਨੰਦ ਮਾਣਦੇ ਸਨ। ਵਿਧਾਤਾ ਸਿੰਘ ਤੀਰ, ਕਰਤਾਰ ਸਿੰਘ ਬਲਗਣ, ਬਰਕਤ ਰਾਮ ਯੁੰਮਨ ਆਦਿ ਉਸਤਾਦ ਕਵੀ ਹੁੰਦੇ ਸਨ। ਆਜ਼ਾਦੀ ਦੀ ਲੜਾਈ ਵਿਚ ਲੋਕਾਂ ਨੂੰ ਜਾਗ੍ਰਿਤ ਕਰਨ ਲਈ ਇਨ੍ਹਾਂ ਕਵੀ ਦਰਬਾਰਾਂ ਦੀ ਮਹੱਤਵਪੂਰਨ ਭੂਮਿਕਾ ਹੁੰਦੀ ਸੀ। ਕਵੀਆਂ ਦੇ ਸਟੇਜ 'ਤੇ ਕਵਿਤਾ ਪੜ੍ਹਨ ਦੇ ਮਖਸੂਸ ਅੰਦਾਜ਼ ਹੁੰਦੇ ਸਨ। ਸ਼ਕਤੀਸ਼ਾਲੀ ਮੂੰਹ ਜ਼ਬਾਨੀ ਕਾਵਿ ਉਚਾਰਨ ਇਸ ਕਵਿਤਾ ਦਾ ਜ਼ਰੂਰੀ ਗੁਣ ਹੁੰਦਾ ਸੀ। ਕਵਿਤਾ ਵਿਚ ਹਾਸ ਰਸ, ਕਟਾਖਸ਼ ਵੀ ਹੁੰਦਾ ਸੀ। ਸਾਫ ਸੀ ਕਿ ਇਹ ਕਵੀ ਉਸਤਾਦਾਂ ਦੇ ਚੰਡੇ ਹੁੰਦੇ ਸਨ। ਕਿਤਾਬੀ ਕਵਿਤਾ ਦੇ ਸੰਦਰਭ ਵਿਚ ਗੱਲ ਕਰਦਿਆਂ ਆਲੋਚਕਾਂ ਨੇ ਸਟੇਜੀ ਕਵਿਤਾ ਦੇ ਕਾਵਿਕ ਗੁਣਾਂ ਨੂੰ ਛੁਟਿਆਇਆ। ਹੌਲੇ ਹੌਲੇ ਪ੍ਰਤਿਭਾਸ਼ੀਲ ਨੌਜਵਾਨਾਂ ਵਿਚ ਇਹ ਰੁਝਾਨ ਆਇਆ ਜਿਸ ਤਰ੍ਹਾਂ, ਸਟੇਜੀ ਕਵੀ ਅਖਵਾਉਣਾ ਕਵਿਤਾ ਦੇ ਖੇਤਰ ਵਿਚ ਨੀਂਵੀ ਥਾਂ 'ਤੇ ਗਿਣਿਆ ਜਾਣਾ ਹੈ। ਕਵੀ ਦਰਬਾਰ ਦੀ ਲੋਕਪ੍ਰਿਅਤਾ ਘੱਟ ਹੋਣ ਨਾਲ ਸਭਿਆਚਾਰਕ ਖੇਤਰ ਵਿਚ ਕੀ ਘਾਟ ਪਈ ਹੈ, ਇਹਦਾ ਅਹਿਸਾਸ ਮੈਨੂੰ ਫਤਿਹਗੜ੍ਹ ਚੂੜੀਆਂ, ਅਤੇ ਟਾਂਡਾ ਦੇ ਸਾਹਿਤਕ ਸਮਾਗਮਾਂ ਵਿਚ ਹੋਇਆ ਜਿਹੜੇ ਲੋਕਲ ਸਾਹਿਤ ਸਭਾਵਾਂ ਵਲੋਂ ਕੇਂਦਰੀ ਪੰਜਾਬ ਲੇਖਕ ਸਭਾ ਦੇ ਸਹਿਯੋਗ ਨਾਲ ਆਯੋਜਿਤ ਕੀਤੇ ਗਏ। ਇਨ੍ਹਾਂ ਸਮਾਗਮਾਂ ਵਿਚ ਕਵੀ ਦਰਬਾਰ ਪ੍ਰੋਗਰਾਮ ਦਾ ਜ਼ਰੂਰੀ ਹਿੱਸਾ ਬਣੇ ਇਹ ਕਵੀ ਦਰਬਾਰ ਸ਼ਕਤੀ ਸ਼ਾਲੀ ਕਵਿਤਾ ਦਾ ਪ੍ਰਗਟਾਵਾ ਸਨ। ਟਾਂਡਾ ਵਿਖੇ ਬਜ਼ੁਰਗ ਕਵੀ ਜੀਵਨ ਸਿੰਘ ਤੇਜ ਦਾ ਸਨਮਾਨ ਕੀਤਾ ਗਿਆ, ਜਿਹੜੇ ਸਟੇਜੀ ਕਵਿਤਾ ਦੇ ਖੇਤਰ ਵਿਚ ਇਕ ਵਿਸ਼ੇਸ਼ ਥਾਂ ਰੱਖਦੇ ਹਨ। ਇਸ ਮੌਕੇ 'ਤੇ ਉਨ੍ਹਾਂ ਵਲੋਂ ਬੋਲੀ ਕਵਿਤਾ 'ਖੂਹ ਬੋਲ ਪਿਆ' ਨੇ ਸਰੋਤਿਆਂ ਨੂੰ ਪੂਰੀ ਤਰ੍ਹਾਂ ਕੀਲ ਲਿਆ। ਕੇਂਦਰੀ ਪੰਜਾਬੀ ਲੇਖਕ ਸਭਾ ਜਿਹੜੀ ਇਸ ਪ੍ਰਾਜੈਕਟ 'ਤੇ ਸਰਗਰਮੀ ਨਾਲ ਕੰਮ ਕਰ ਰਹੀ ਹੈ ਕਿ ਸਾਹਿਤ ਅਤੇ ਸਾਧਾਰਨ ਲੋਕਾਂ ਦਰਮਿਆਨ ਨੇੜਤਾ ਲਿਆਂਦੀ ਜਾਏ, ਸਟੇਜੀ ਕਵਿਤਾ ਉਸ ਵਿਚ ਅਹਿਮ ਭੂਮਿਕਾ ਨਿਭਾ ਸਕਦੀ ਹੈ। ਟਾਂਡਾ ਅਤੇ ਫਤਿਹਗੜ੍ਹ ਚੂੜੀਆਂ ਦੇ ਸਮਾਗਮ ਇਸਦਾ ਪਰਮਾਣ ਹਨ।

**ਪੰਜਾਬ ਕਲਾ ਭਵਨ ਚੰਡੀਗੜ੍ਹ :** ਲਾਹੌਰ ਤੋਂ ਬਾਅਦ ਲੰਮੇ ਅਰਸੇ ਤਕ ਪੰਜਾਬੀ ਕਲਾ ਅਤੇ ਸਭਿਆਚਾਰ ਦਾ ਕੋਈ ਕੇਂਦਰ ਨਹੀਂ ਬਣ ਸਕਿਆ। ਵੰਡ ਤੋਂ ਪਹਿਲਾਂ ਲਾਹੌਰ ਇਹ ਕੇਂਦਰ ਸੀ। ਨਾਟਕ, ਸੰਗੀਤ, ਚਿਤ੍ਰਕਲਾ ਦੇ ਕਲਾਕਾਰ ਬਹੁਤੇ ਲਾਹੌਰ ਵਿਚ ਹੀ ਰਹਿੰਦੇ ਸਨ। ਲਾਹੌਰ ਵਿਚ ਉਹ ਕਲਾ ਕ੍ਰਿਤਾਂ ਤਿਆਰ ਕਰਦੇ। ਉਨ੍ਹਾਂ ਦੀ ਪ੍ਰਦਰਸ਼ਨੀ ਕਰਦੇ ਤੇ ਫੇਰ ਰਾਵਲਪਿੰਡੀ, ਮੁਲਤਾਨ, ਅੰਮ੍ਰਿਤਸਰ,, ਜਲੰਧਰ, ਲੁਧਿਆਣਾ, ਬਠਿੰਡਾ ਆਦਿਕ ਸ਼ਹਿਰਾਂ ਵਿਚ ਲੈ ਕੇ ਜਾਂਦੇ। ਰਿਆਸਤਾਂ ਦੀਆਂ ਰਾਜਧਾਨੀਆਂ ਪਟਿਆਲਾ, ਕਪੂਰਥਲਾ, ਨਾਭਾ ਵਿਚ ਵੀ ਕਲਾ ਦਾ ਕੰਮ ਆਪਣੇ ਤੌਰ 'ਤੇ ਪਰਫੁਲਤ ਹੁੰਦਾ ਰਿਹਾ। ਲਾਹੌਰ ਤੋਂ ਬਾਅਦ ਬਹੁਤ ਸਾਰੇ ਸਥਾਪਤ ਕਲਾਕਾਰ ਦਿੱਲੀ, ਚਲੇ ਗਏ ਪਰ ਦਿੱਲੀ ਪੰਜਾਬੀ ਸਭਿਆਚਾਰ ਦਾ ਕੇਂਦਰ ਨਹੀਂ ਬਣ ਸਕਿਆ ਤੇ ਨਾ ਹੀ ਬਣ ਸਕਦਾ ਸੀ। ਅੰਮ੍ਰਿਤਸਰ, ਲੁਧਿਆਣਾ, ਪਟਿਆਲਾ , ਜਲੰਧਰ, ਬਠਿੰਡਾ, ਮਾਨਸਾ ਆਦਿਕ ਸ਼ਹਿਰ ਵਿਚ ਲੋਕਲ ਕਲਾਕਾਰਾਂ ਨੇ ਆਪਣੀ ਵਿੱਤ ਮੁਤਾਬਿਕ ਪੰਜਾਬ ਦੇ ਸਭਿਆਚਾਰ ਨੂੰ ਜੀਂਦਾ ਰੱਖਿਆ, ਪਰ ਕੇਂਦਰ ਦੀ ਘਾਟ ਹਮੇਸ਼ਾ ਮਹਿਸੂਸ ਹੁੰਦੀ ਰਹੀ। ਪੰਜਾਬ ਕਲਾ ਭਵਨ ਚੰਡੀਗੜ੍ਹ, ਜਿਹੜਾ ਪੰਜਾਬ ਆਰਟ ਕੌਂਸਲ ਦਾ ਹੈਡਕਵਾਟਰ ਹੈ, ਉਹਦੇ ਵਿਚ ਪਿਛਲੇ ਕੁਝ ਸਾਲਾਂ ਤੋਂ ਇਹ ਸੈਂਟਰ ਬਣਾਉਣ ਦੀ ਸੰਭਾਵਨਾ ਪੈਦਾ ਹੋਈ ਹੈ। ਚੋਣਵੀਆਂ ਕਲਾ ਪ੍ਰਦਰਸ਼ਨੀਆਂ, ਸਾਹਿਤ ਸਮਾਗਮ ਨਾਟਕ ਤੇ ਸੰਗੀਤ ਸਮਾਗਮ ਇਸ ਸੈਂਟਰ ਵਿਚ ਸਰਗਰਮੀ ਨਾਲ ਹੁੰਦੇ ਹਨ। ਪਿਛਲੇ ਕੁਝ ਦਿਨਾਂ ਵਿਚ ਹੈਂਡੀਕੈਪਡ ਕਲਾਕਾਰ, ਦਾ ਇਕ ਸ਼ਾਨਦਾਰ ਗੀਤ ਸੰਗੀਤ ਪ੍ਰੋਗਰਾਮ ਵੀਰਵਾਰੀ ਪ੍ਰੋਗਰਾਮਾਂ ਦੇ ਅਧੀਨ ਹੋਇਆ ਹੈ, ਜਿਨ੍ਹਾਂ ਦਾ ਸਹਿਯੋਗ ਪ੍ਰਮੁੱਖ ਤੌਰ 'ਤੇ ਨਾਰਥ ਜ਼ੋਨ ਕਲਰਚਲ ਸੈਂਟਰ ਦੇਂਦਾ ਹੈ। ਕ੍ਰਿਸ਼ਨਾ ਸੋਬਤੀ ਦਾ ਇਕ ਜ਼ੋਰਦਾਰ ਰੂਬਰੂ ਪ੍ਰੋਗਰਾਮ, ਪਰਵਾਸੀ ਕਵੀ ਗੁਰਚਰਨ ਰਾਮਪੁਰੀ ਨਾਲ ਇਕ ਮੁਲਾਕਾਤ ਸਫਲ ਪ੍ਰੋਗਰਾਮ ਹੋਏ ਹਨ। ਐਸ.ਪਾਲ ਦੀ ਫੋਟੋਗਰਾਫੀ ਦੀ ਪ੍ਰਦਰਸ਼ਨੀ ਆਪਣੇ ਆਪ ਵਿਚ ਅੱਖਾਂ ਨੂੰ ਤਾਜ਼ਗੀ ਤੇ ਦਿਮਾਗ ਨੂੰ ਰੌਸ਼ਨੀ ਦਿੰਦੀ ਹੈ। ਬਲੈਕ ਐਂਡ ਵਾਇਟ ਵਿਚ ਇਹ ਫੋਟੋ ਕਲਾ ਦੀ ਸਿਖਰ ਹਨ। ਆਰਟ ਕੌਂਸਲ ਅਤੇ ਸਬੰਧਤ ਅਕੈਡਮੀਆਂ ਇਨ੍ਹਾਂ ਕੰਮਾਂ ਲਈ ਪ੍ਰਸੰਸਾ ਦੀਆਂ ਪਾਤਰ ਹਨ। ਲਾਹੌਰ ਕੇਂਦਰ ਦੀਆਂ ਪ੍ਰਭਾਵਸ਼ਾਲੀ ਕਿਰਤਾਂ ਜਿਸ ਤਰ੍ਹਾਂ ਹੋਰਨਾ ਸ਼ਹਿਰਾਂ ਵਿਚ ਲਿਜਾਈਆਂ ਜਾਂਦੀਆਂ ਸਨ, ਇਨ੍ਹਾਂ ਕਲਾ ਕਿਰਤਾਂ ਨੂੰ ਵੀ ਬਾਕੀ ਪੰਜਾਬ ਤਕ ਪੁਚਾਣਾ ਜ਼ਰੂਰੀ ਹੈ। ਪੰਜਾਬ ਸਭਿਆਚਾਰਕ ਵਿਭਾਗ ਨੂੰ ਇਸ ਵਲ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ।

**ਜਗਦੇਵ ਕਲਾਂ ਵਿਚ ਸਾਹਿਤ ਸਭਿਆਚਾਰਕ ਮੇਲਾ :**

ਸਾਹਿਤ ਸਭਿਆਚਾਰ ਨਾਲ ਸਬੰਧਤ ਲੋਕਾਂ ਦਾ ਹਮੇਸ਼ਾ ਇਹ ਵਿਚਾਰ ਰਿਹਾ ਹੈ ਕਿ ਪੰਜਾਬ ਦੇ ਸਭਿਆਚਾਰਕ ਵਿਕਾਸ ਲਈ ਇਹ ਜ਼ਰੂਰੀ ਹੈ ਕਿ ਸੰਜੀਦਾ ਕਿਸਮ ਦੇ ਸਾਹਿਤ ਸਭਿਆਚਾਰਕ ਸਮਾਗਮ ਪਿੰਡਾਂ ਵਿਚ ਕੀਤੇ ਜਾਣ। ਜਗਦੇਵ ਕਲਾ ਵਿਚ ਹਾਸ਼ਮ ਸ਼ਾਹ ਯਾਦਗਾਰੀ ਮੇਲਾ ਇਸ ਦੀ ਮਿਸਾਲ ਹੈ। ਇਹ ਮੇਲਾ ਹਾਸ਼ਮਸ਼ਾਹ ਯਾਦਗਾਰੀ ਟਰਸਟ ਵਲੋਂ ਕੀਤਾ ਗਿਆ। ਜਿਹੜਾ ਕਿ ਚਾਰ ਸਾਲ ਪਹਿਲੇ ਪਿੰਡ ਦੇ ਸਿਆਣੇ ਲੋਕਾਂ ਦੇ ਉਦਮ ਨਾਲ ਹੋਂਦ ਵਿਚ ਆਇਆ ਅਤੇ ਪਿੰਡ ਦੇ ਨੌਜਵਾਨਾਂ ਨੇ ਇਸ ਵਿਚ ਮੁੱਖ ਤੌਰ 'ਤੇ ਸ਼ਿਰਕਤ ਕੀਤੀ। ਇਸ ਸਾਲ ਕੇਂਦਰੀ ਪੰਜਾਬ ਲੇਖਕ ਸਭਾ ਦੇ ਸਹਿਯੋਗ ਨਾਲ ਇਸ ਮੇਲੇ 'ਤੇ ਵਿਸ਼ਵ ਪੰਜਾਬੀ ਕਾਨਫਰੰਸ ਵੀ ਆਯੋਜਿਤ ਕੀਤੀ ਗਈ। ਇਸ ਮੇਲੇ 'ਤੇ ਉਚ ਪੱਧਰ ਦੀਆਂ ਸਾਹਿਤਕ ਗੋਸ਼ਟੀਆਂ, ਨਾਟਕ, ਸੂਫੀ ਕਵਿਤਾ ਦੀ ਗਾਇਕੀ ਅਤੇ ਲੋਕ ਗਾਇਕੀ ਸ਼ਾਮਲ ਸਨ। ਸਭਿਆਚਾਰ ਅਤੇ ਸਾਹਿਤ ਲਈ ਰੱਖੇ ਸਰਕਾਰੀ (ਲੋਕਾਂ ਦੇ) ਫੰਡ ਵੀ ਇਸ ਮੇਲੇ ਤੇ ਚੰਗੇ ਕੰਮਾਂ ਲਈ ਲਾਏ ਗਏ।

ਕੁਲਦੀਪ ਧਾਲੀਵਾਲ (ਹਾਸ਼ਮੀ ਟਰਸਟ ਦੇ ਜਨਰਲ ਸਕੱਤਰ) ਤੇ ਤਾਰਾ ਸਿੰਘ ਸੰਧੂ (ਜਨਰਲ ਸਕੱਤਰ ਕੇਂਦਰੀ ਪੰਜਾਬੀ ਲੇਖਕ ਸਭਾ) ਨੇ ਬੜੀ ਸਿਆਣਪ ਅਤੇ ਸੁੱਚਜਤਾ ਨਾਲ ਇਸ ਮੇਲੇ ਦੀ ਵਿਉਂਤਬੱਧੀ ਕੀਤੀ ਜਿਸ ਕਰਕੇ ਇਸ ਮੇਲੇ ਦੀ ਸਭਿਆਚਾਰਕ ਮੇਲਿਆਂ ਦੀ ਲੜੀ ਵਿਚ ਵੱਖਰੀ ਪਛਾਣ ਬਣਨ ਦੀ ਆਸ ਬੱਝ ਗਈ ਹੈ। ਇਹ ਇਕ ਮੁਬਾਰਕ ਗੱਲ ਹੈ।

**ਗੁਰਸ਼ਰਨ ਸਿੰਘ**